IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)

An International Open Access, Peer-reviewed, Refereed Journal

# ਵਿਸ਼ਵੀਕਰਨ ਅਤੇ ਨਵੀਂ ਪੰਜਾਬੀ ਕਵਿਤਾ ਦੇ ਪ੍ਰਤਿਉੱਤਰ

ਡਾ. ਵੰਦਨਾ
ਅਸਿਸਟੈਂਟ ਪ੍ਰੋਫੈਸਰ, ਪੋਸਟ ਗਰੈਜੂਏਟ ਪੰਜਾਬੀ ਵਿਭਾਗ, ਖ਼ਾਲਸਾ ਕਾਲਜ ਫ਼ਾਰ ਵਿਮੈਨ,
ਸਿਵਲ ਲਾਈਨਜ਼, ਲੁਧਿਆਣਾ।

**ਸਾਰ**

ਵਿਸ਼ਵੀਕਰਨ ਅਜੋਕੇ ਸਮੇਂ ਵਿਚ ਭੱਖਵੀਂ ਬਹਿਸ ਦਾ ਵਿਸ਼ਾ ਹੈ। ਵਿਸ਼ਵੀਕਰਨ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਘਲੋਬਓਲਸਿਓਟੋਨ (ਗਲੋਬਲਾਈਜੇਸ਼ਨ) ਦਾ ਪਰਾਇਵਾਚੀ ਰੂਪ ਹੈ। ਵਿਸ਼ਵੀਕਰਨ ਦਾ ਵਰਤਾਰਾ ੨੦ਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਪ੍ਰਚੰਡ ਰੂਪ ਵਿਚ ਸਾਹਮਣੇ ਆਉਂਦਾ ਹੈ। ਵਿਸ਼ਵੀਕਰਨ ਵਪਾਰ ਅਤੇ ਉਪਭੋਗਤਾ ਦੀ ਪ੍ਰਕਿਰਿਆ ਨੂੰ ਤੇਜ਼ ਕਰਦਾ ਹੈ। ਇਹ ਅਜਿਹੀ ਪ੍ਰਕਿਰਿਆ ਹੈ ਜਿਸ ਵਿਚ ਸੰਸਕ੍ਰਿਤਕ ਅਤੇ ਸਮਾਜਿਕ ਵਰਤਾਰਿਆਂ ਉੱਪਰ ਭੂਗੋਲਿਕ ਹੱਦਬੰਦੀਆਂ ਨਿਗੂਣੀਆਂ ਹੋ ਜਾਂਦੀਆਂ ਹਨ। ਪੂਰਾ ਵਿਸ਼ਵ ਇਕ ਪਿੰਡ ਦੇ ਰੂਪ ਵਿਚ ਉਭਰ ਕੇ ਪੇਸ਼ ਹੁੰਦਾ ਹੈ। ਆਪਸੀ ਦੂਰੀਆਂ ਨੂੰ ਖਤਮ ਕਰਕੇ ਇਹ ਵਿਸ਼ਵ ਬਾਜ਼ਾਰ ਦੇ ਨਿਰਮਾਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀ ਸਾਹਿਤ ਅਤੇ ਸਾਹਿਤਕਾਰ ਸੰਕਟਮਈ ਹਾਲਤ ਵਿੱਚੋਂ ਗੁਜ਼ਰ ਰਹੇ ਹਨ। ਇਸ ਦੌਰ ਵਿਚ ਪੰਜਾਬੀ ਸਾਹਿਤਕਾਰਾਂ ਦਾ ਇਕ ਹਿੱਸਾ ਆਪਣੀ ਪ੍ਰਗਤੀਵਾਦੀ ਵਿਰਾਸਤ ਦੋਂ ਦੂਰ ਹੋ ਕੇ ਮੰਡੀ ਦੇ ਉਪਭੋਗਤਾਵਾਦੀ ਸਭਿਆਚਾਰ ਦਾ ਸ਼ਿਕਾਰ ਹੋ ਕੇ ਰਹਿ ਗਿਆ ਹੈ। ਪੰਜਾਬੀ ਕਵਿਤਾ ਦੇ ਪ੍ਰਸੰਗ ਵਿਚ ਵਿਸ਼ਵੀਕਰਨ ਸੰਕਲਪ ਦਾ ਪ੍ਰਯੋਗ ਵਪਾਰੀਕਰਨ, ਨਿਜੀਕਰਨ, ਮੰਡੀਕਰਨ ਦੇ ਨਾਲ-ਨਾਲ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਵਿਚ ਵਿਗਾੜ ਦਾ ਪਰਾਇਵਾਚੀ ਬਣ ਕੇ ਆਇਆ ਹੈ। ਹੱਥਲੇ ਖੋਜ ਪੱਤਰ ਵਿਚ ਵਿਸ਼ਵੀਕਰਨ ਦੇ ਵਿਸ਼ੇਸ਼ ਪ੍ਰਸੰਗ ਵਿਚ ਨਵੀਂ ਪੰਜਾਬੀ ਕਵਿਤਾ ਬਾਰੇ ਚਿੰਤਨ, ਪੁਨਰ ਚਿੰਤਨ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਨਵੀਂ ਪੰਜਾਬੀ ਕਵਿਤਾ ਉੱਪਰ ਵਿਸ਼ਵੀਕਰਨ ਦੇ ਪਏ ਚੰਗੇ ਅਤੇ ਮਾੜੇ ਪ੍ਰਭਾਵਾਂ ਦਾ ਲੇਖਾ-ਜੋਖਾ ਕਰਨ ਦਾ ਯਤਨ ਕੀਤਾ ਗਿਆ ਹੈ। ਨਵੀਂ ਪੰਜਾਬੀ ਕਵਿਤਾ ਦੀਆਂ ਭਵਿੱਖ ਮੁਖੀ ਸੰਭਾਵਨਾਵਾਂ, ਸਮਰੱਥਾਵਾਂ ਅਤੇ ਅਸਮਰੱਥਾਵਾਂ ਨੂੰ ਵੀ ਵਿਚਾਰਿਆ ਗਿਆ ਹੈ।

**ਵਿਸ਼ੇਸ਼ ਸ਼ਬਦ:** ਵਿਸ਼ਵੀਕਰਨ, ਨਵ-ਪੂੰਜੀਵਾਦ, ਗਲੋਬਲ ਪਿੰਡ, ਉਦਯੋਗੀਕਰਨ, ਮਸ਼ੀਨੀਕਰਨ, ਨਵੀਨ ਖੋਜ ਅਤੇ ਜੀਵਨ ਜਾਚ

ਵਿਸ਼ਵੀਕਰਨ ਦਾ ਸੰਕਲਪ ਆਪਣੇ ਪੈਦਾ ਹੋਣ ਤੋਂ ਲੈ ਕੇ ਅੱਜ ਤੱਕ ਬਹੁ-ਚਰਚਿਤ ਵਰਤਾਰਾ ਹੈ। ਅੱਜ ਦਾ ਸਮਕਾਲੀ ਦੌਰ ਵੀ ਵਿਸ਼ਵੀਕਰਨ ਦੇ ਭਿਅੰਕਰ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਆਮ ਸਤਹੀ ਪੱਧਰ ’ਤੇ ਦੇਖਦਿਆਂ ਇਹ ਭਖਵਾਂ ਵਰਤਾਰਾ ਵਧੀਆ ਕਾਰਗੁਜ਼ਾਰੀ ਅਤੇ ਫਾਇਦੇਮੰਦ ਵਾਲਾ ਲਗਦਾ ਹੈ ਐਪਰ ਡੂੰਘੇ ਅਤੇ ਘੋਖਵੇਂ ਅਧਿਐਨ ਤੋਂ ਇਸ ਦਾ ਕਰੂਰ ਯਥਾਰਥ ਅਤੇ ਮੁਨਾਫ਼ਾ ਕੇਂਦਰਿਤ ਰੁਝਾਨ ਸਹਿਜੇ ਹੀ ਦੇਖਿਆ ਜਾ ਸਕਦਾ ਹੈ। ਇਸ ਦੇ ਨਾਲ ਜੁੜੀਆਂ ਵਿਭਿੰਨ ਧਾਰਨਾਵਾਂ ਵੀ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਵਿਸ਼ਵੀਕਰਨ ਦਾ ਸੰਕਲਪ ਪੂੰਜੀਵਾਦੀ ਸਾਮਰਾਜੀ ਮੁਲਕਾਂ (ਜੀ-੮ ਦੇਸ਼) ਦੁਆਰਾ ਆਪਣੇ ਮੁਨਾਫ਼ੇ ਲਈ ਖੁੱਲ੍ਹੀ ਮੰਡੀ (ੋਪੲਨ ੰੳਰਕੲਟ) ਦੇ ਸੰਕਲਪ ਰਾਹੀਂ ਫੈਲਾਇਆ ਗਿਆ ਹੈ। ਜਿਸ ਦੇ ਨਤੀਜੇ ਵਜੋਂ ਵਿਸ਼ਵ ਵਿੱਤ ਵਿਵਸਥਾ (ਾੋਰਲਦ ੲਚੋਨੋਮੇ ਸ਼ੇਸਟੲਮ) ਦਾ ਵਿਸ਼ੇਸ਼ ਰੁਝਾਨ ਪੈਦਾ ਹੋਇਆ। ਜਿਸ ਨਾਲ ਵਿਸ਼ਵੀਕਰਨ ਵਪਾਰ ਅਤੇ ਉਪਭੋਗਤਾ ਦੀ ਕਿਰਿਆ ਤੇਜ਼ ਹੁੰਦੀ ਹੈ ਅਤੇ ਇਸ ਦੇ ਅਧੀਨ ਸੰਸਕ੍ਰਿਤਕ ਅਤੇ ਸਮਾਜਿਕ ਵਰਤਾਰਿਆਂ ਦੀਆਂ ਹੱਦਾਂ ਨਿਗੂਣੀਆਂ ਹੋ ਕੇ ਰਹਿ ਜਾਂਦੀਆਂ ਹਨ। ਆਪਸੀ ਦੂਰੀਆਂ ਨੂੰ ਖ਼ਤਮ ਕਰਕੇ ਇਹ ਸੰਕਲਪੀ/ਵਰਤਾਰਾ ਵਿਸ਼ਵ ਬਾਜ਼ਾਰ ਾੋਰਲਦ ੰੳਰਕੲਟ ਅਤੇ ਵਿਸ਼ਵ ਪਿੰਡ (ਘਲੋਬੳਲ ੜਿਲਲੳਗੲ) ਦੇ ਨਿਰਮਾਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸੋ, ਵਿਸ਼ਵੀਕਰਨ ਸਾਮਰਾਜੀ ਪੂੰਜੀਵਾਦੀ ਮੁਲਕਾਂ ਦੁਆਰਾ

ਸਿਰਜਿਆ ਆਰਥਿਕ ਨੀਤੀਆਂ ਦੇ ਮਾਧਿਅਮ ਰਾਹੀਂ ਬੁਣਿਆ ਅਜਿਹਾ ਮਜ਼ਬੂਤ ਜਾਲ ਹੈ, ਜਿਸ ਵਿਚ ਸਮਾਜ ਦੀ ਆਰਥਿਕਤਾ, ਸਮਾਜਿਕਤਾ, ਰਾਜਨੀਤੀ, ਸਭਿਆਚਾਰ, ਸਾਹਿਤ ਅਤੇ ਸਾਹਿਤਕਾਰ ਇਸ ਦੇ ਬੁਰੇ ਪ੍ਰਭਾਵਾਂ ਦੀ ਮਾਰ ਹੇਠ ਪਿਸ ਰਹੇ ਹਨ।

ਵਿਸ਼ਵੀਕਰਨ ਦੇ ਦੌਰ ਵਿਚ ਸੰਸਾਰ ਅੰਦਰ ਬਦਲਦੀਆਂ ਪਰਿਸਥਿਤੀਆਂ ਦੇ ਸਨਮੁੱਖ ਪੰਜਾਬੀ ਕਵਿਤਾ ਦੇ ਖੇਤਰ ਵਿਚ ਆਏ ਪਰਿਵਰਤਨ ਨੇ ਪੰਜਾਬੀ ਕਵਿਤਾ ਦਾ ਮੁਹਾਂਦਰਾ ਬਦਲ ਕੇ ਰੱਖ ਦਿੱਤਾ ਹੈ। ਨਵੀਂ ਪੰਜਾਬੀ ਕਵਿਤਾ ਵਿਚ ਨਵੀਂ ਸੋਚ, ਵਿਚਾਰ ਅਤੇ ਤਜ਼ਰਬਿਆਂ ਨੇ ਜਨਮ ਲਿਆ ਹੈ। ਅਜੋਕੇ ਦੌਰ ਵਿਚ ਰਚੀ ਜਾ ਰਹੀ ਕਵਿਤਾ ਨੂੰ ਨਵੀਂ ਪੰਜਾਬੀ ਕਵਿਤਾ, ਉਤਰ ਆਧੁਨਿਕ ਦੌਰ ਦੀ ਕਵਿਤਾ ਆਦਿ ਨਾਲ ਜਾਣਿਆ ਜਾਂਦਾ ਹੈ। ਇਸ ਕਾਵਿ ਦੀ ਵਿਲੱਖਣਤਾ ਇਹ ਹੈ ਕਿ ਇਹ ਕਵਿਤਾ ਕਿਸੇ ਵਿਸ਼ੇਸ਼ ਵਾਦ, ਲਹਿਰ, ਵਿਚਾਰਧਾਰਕ ਚੌਖਟੇ ਦੇ ਅਧੀਨ ਨਹੀਂ ਬੱਝਦੀ। ਇਸ ਕਿਸਮ ਦੀ ਕਵਿਤਾ ਵਿਚ ਵਿਭਿੰਨ ਕਾਵਿ-ਸੁਰਾਂ ਵਾਲਾ ਵਖਰੇ ਭਾਂਤ ਦਾ ਮੁਹਾਂਦਰਾ ਉਭਰ ਕੇ ਸਾਹਮਣੇ ਆਉਂਦਾ ਹੈ। ਡਾ. ਯੋਗਰਾਜ ਦੇ ਵਿਚਾਰ ਗੌਲਣਯੋਗ ਹਨ:

"ਨਵੀਂ ਕਵਿਤਾ ਇਕ ਪਾਸੇ ਤਾਂ ਮਨੁੱਖ ਅੰਦਰ ਚੱਲ ਰਹੇ ਵਿਭਿੰਨ ਪਾਸਾਰਾਂ ਨੂੰ ਸਾਡੇ ਸਾਹਮਣੇ ਪ੍ਰਸਤੁਤ ਕਰਦੀ ਹੈ। ਵਿਸ਼ਵੀਕਰਨ ਅਤੇ ਨਵੀਂ ਸਭਿਅਤਾ ਦੀ ਸਥਾਪਤੀ ਦੇ ਦੰਭ ਹੇਠ ਆਧੁਨਿਕ ਨਵ-ਪੂੰਜੀਵਾਦ ਪ੍ਰਵਚਨ ਸਥਾਨਕ ਸਭਿਆਚਾਰਾਂ ਦੀ ਮੌਲਿਕ ਰਹਿਤਲ, ਸਾਂਸਕ੍ਰਿਤਿਕ ਹੋਂਦ ਅਤੇ ਸੰਸਥਾਵਾਂ ਨੂੰ ਤਬਾਹ ਕਰ ਰਿਹਾ ਹਾਂ। ਦਿੱਖ ਦੀ ਪੱਧਰ 'ਤੇ ਵਾਮਨ ਲਗਦੇ ਹੋਏ ਅਜਿਹੇ ਸਰੋਕਾਰ ਵਰਤਮਾਨ ਸੰਦਰਭ ਵਿਚ ਵਿਰਾਟ ਅਰਥ ਸਮੇਟੀ ਬੈਠੇ ਹਨ। ਪੰਜਾਬੀ ਕਵੀਆਂ ਨੇ ਬੜੀ ਸਜੋਗਤਾ ਨਾਲ ਅਜਿਹੇ ਸਰੋਕਾਰਾਂ ਦੇ ਮਹੱਤਵ ਨੂੰ ਸਮਝਿਆ ਹੈ।"[੧]

ਨਵੀਂ ਪੰਜਾਬੀ ਕਵਿਤਾ ਗਲੋਬਲੀ ਯੁਗ ਦੇ ਅੰਤਰਗਤ ਚਲ ਰਹੀ ਪ੍ਰਕਿਰਿਆ ਨਾਲ ਮਨੁੱਖੀ ਹੋਂਦ, ਰਿਸ਼ਤਿਆਂ ਦੀ ਟੁੱਟ-ਭੱਜ, ਸਭਿਆਚਾਰਕ ਕਦਰਾਂ-ਕੀਮਤਾਂ ਅਤੇ ਵੱਖਰੀ ਜੀਵਨ-ਜਾਂਚ ਵਿਚ ਫੈਲੀ ਅਨਿਸ਼ਚਿਤਤਾ ਅਤੇ ਅਸਥਿਰਤਾ ਨੂੰ ਪੇਸ਼ ਕਰਨ ਦਾ ਨਿਸ਼ਚਾ ਕਰਦੀ ਹੈ। ਅਜੋਕੇ ਮਨੁੱਖ ਨੇ ਜਿੱਥੇ ਵਿਸ਼ਵੀਕਰਨ ਦੇ ਪ੍ਰਭਾਵ ਨੂੰ ਗ੍ਰਹਿਣ ਕਰਕੇ ਨਵੀਂ ਜੀਵਨ ਦ੍ਰਿਸ਼ਟੀ ਨੂੰ ਅਪਣਾਇਆ ਹੈ, ਉੱਥੇ ਨਾਲ ਹੀ ਇਹ ਬਦਲਾਅ ਇਕ ਚਿੰਤਾ ਦਾ ਵਿਸ਼ਾ ਬਣ ਕੇ ਉਭਰਿਆ ਹੈ ਇਸ ਸੰਬੰਧੀ ਡਾ. ਜਸਵਿੰਦਰ ਸਿੰਘ ਦਾ ਕਥਨ ਹੈ:

"ਇਹ ਵਿਸ਼ਵੀਕਰਣ ਵਾਸਤਵ ਵਿਚ ਆਧੁਨਿਕੀਕਰਣ, ਤਾਰਤਿਕਤਾ, ਉਦਯੋਗੀਕਰਣ, ਇਨਕਲਾਬ ਅਤੇ ਨਾਗਰਿਕਤਾ ਦੇ ਪੱਛਮੀ ਮਾਡਲਾਂ ਦਾ ਦੂਸਰੇ ਸਾਰੇ ਸੰਸਾਰ ਲਈ ਸਰਵ-ਵਿਆਪੀਕਰਣ ਹੀ ਹੈ। ਇਸ ਵਿਸ਼ਵੀਕਰਣ ਨੇ ਖੁੱਲ੍ਹੀ ਤੇ ਫਰੀ ਸੰਸਾਰ ਮੰਡੀ, ਸੂਚਨਾ ਤਕਨਾਲੋਜੀ, ਪਰਵਾਸ, ਸਭਿਆਚਾਰਕ ਆਦਾਨ-ਪ੍ਰਦਾਨ ਅਤੇ ਪੱਛਮੀਕਰਣ ਦੇ ਅਮਲ ਨੂੰ ਬੇਪਨਾਹ ਉਭਾਰਿਆ ਹੈ, ਜਿਸ ਨੇ ਸਾਡੀ ਅਜੋਕੀ ਜੀਵਨ-ਦ੍ਰਿਸ਼ਟੀ, ਜੀਵਨ-ਜਾਂਚ ਵਿਚ ਵਿਆਪਕ, ਆਧਾਰੀ ਤੇ ਫੈਸਲਾਕੁੰਨ ਪਰਿਵਰਤਨ ਲਿਆਂਦੇ ਹਨ। ਅਜੋਕੀ ਕਾਵਿ-ਸੰਵੇਦਨਾ ਇਸ ਨਵ-ਰੂਪਾਂਤਰਣ ਦੇ ਅਮਲ ਤੇ ਪਰਿਣਾਮਾਂ ਨਾਲ ਜੂਝ ਰਹੀ ਹੈ।"[੨]

ਅਜੋਕੀ ਕਵਿਤਾ ਨੇ ਵਿਸ਼ਵੀਕਰਨ, ਉਦਯੋਗਿਕ ਅਤੇ ਸ਼ਹਿਰੀਕਰਨ ਦੀ ਪ੍ਰਕਿਰਿਆ ਦੇ ਸਿੱਟੇ ਵਜੋਂ ਆਏ ਪਰਿਵਰਤਨਾਂ ਨੂੰ ਇਕ ਕੇਂਦਰੀ ਬਿੰਦੂ ਬਣਾਇਆ ਹੈ ਅਤੇ ਇਨ੍ਹਾਂ ਪਰਿਵਰਤਨਾਂ ਨਾਲ ਮਨੁੱਖੀ ਸੁਭਾਅ, ਉਸ ਦੀ ਚੇਤਨਾ, ਰਿਸ਼ਤਿਆਂ ਵਿਚਲੀ ਟੁੱਟ-ਭੱਜ ਅਤੇ ਪ੍ਰਤਿਮਾਨਾਂ ਅਧੀਨ ਜਿਹੜੀਆਂ ਤਬਦੀਲੀਆਂ ਵਾਪਰੀਆਂ ਹਨ, ਉਨ੍ਹਾਂ ਨੂੰ ਨਵੀਂ ਕਵਿਤਾ ਵਿਚ ਸਿਰਜਿਆ ਗਿਆ ਹੈ। ਵਿਸ਼ਵੀਕਰਨ ਦੇ ਦੌਰ ਵਿਚ ਅਜੋਕੀ ਪੰਜਾਬੀ ਕਵਿਤਾ ਨਵੀਂ ਕਰਵਟ ਲੈਂਦੀ ਹੈ। ਇਸ ਕਵਿਤਾ ਵਿਚ ਉਪਭੋਗਤਾ, ਮੰਡੀ, ਇਸ਼ਤਿਹਾਰ ਅਤੇ ਵਸਤਾਂ ਦਾ ਬਹੁਤ ਵਿਰੋਧ ਹੈ ਅਤੇ ਵਿਰੋਧ ਵੀ ਉੱਚੀ ਸੁਰ ਵਿਚ ਹੈ। ਵਿਸ਼ਵੀਕਰਨ ਨੇ ਮਨੁੱਖ ਤੋਂ ਉਸ ਦੀ ਪਹਿਚਾਣ ਖੋਹ ਕੇ ਉਸ ਨੂੰ ਉਤਪਾਦਨ ਵਿਚ ਬਦਲ ਦਿੱਤਾ ਹੈ। ਮਨੁੱਖ ਬੇਵਸ ਹੋ ਕੇ ਉਪਭੋਗੀ ਬਣ ਕੇ ਰਹਿ ਗਿਆ ਹੈ। ਉਪਭੋਗੀ ਕਲਚਰ ਦੇ ਅੰਤਰਗਤ ਮਨੁੱਖੀ ਰਿਸ਼ਤਿਆਂ ਦੇ ਆਪਸੀ ਸੰਬੰਧ ਅਤੇ ਤਣਾਅ ਨੂੰ ਨਵੀਂ ਪੰਜਾਬੀ ਕਵਿਤਾ ਪ੍ਰਤੀਰੋਧ ਦੇ ਪ੍ਰਵਚਨ ਵਜੋਂ ਪੇਸ਼ ਕਰਦੀ ਹੈ। ਅਜੋਕੀ ਕਵਿਤਾ ਵਿਚ ਪੇਸ਼ ਹੋ ਰਹੇ ਅਜਿਹੇ ਵਰਤਾਰੇ ਸੰਬੰਧੀ ਡਾ. ਸੁਖਦੇਵ ਸਿੰਘ ਦਾ ਵਿਚਾਰ ਗੌਲਣਯੋਗ ਹੈ:

"ਵਿਸ਼ਵੀਕਰਨ ਅਤੇ ਮੰਡੀ ਨੇ ਮਨੁੱਖ ਤੋਂ ਉਸ ਦੀ ਪਛਾਣ ਖੋਹ ਕੇ ਉਸ ਨੂੰ ਤੇ ਉਸ ਦੀ ਸਿਰਜਣਾ ਨੂੰ ਵਿਕਣਯੋਗ ਵਸਤੂ (ਉਤਪਾਦਨ) ਵਿਚ ਬਦਲ ਦਿੱਤਾ ਹੈ। ਗਿਆਨ ਨੂੰ ਖਨੋਾਲਦਦਗੲ ਿਨਦੁਸਟਰੇ ਵਜੋਂ ਸਥਾਪਿਤ ਕੀਤਾ ਜਾ ਰਿਹਾ ਹੈ ਅਤੇ ਕਲਾ ਨੂੰ ਪ੍ਰਮੋਟਰਾਂ ਰਾਹੀਂ ਲੋਕਾਂ ਤੱਕ ਜਾਣਾ ਪੈ ਰਿਹਾ ਹੈ। ਮੰਡੀ ਤੇ ਕਾਰਪੋਰੇਟ ਸੈਕਟਰ ਦੇ ਦਲਾਲ ਹਰ ਤਰ੍ਹਾਂ ਦੇ ਤਜ਼ਾਰਤੀ ਮਾਲ ਵਾਂਗ ਗਿਆਨ ਅਤੇ ਕਲਾ ਨੂੰ ਵੇਚ ਰਹੇ ਹਨ। ਮੰਡੀ ਦੀ ਚਕਾਚੌਂਧ ਵਿਚ ਡਾਰਵਿਨ ਦਾ ਵਿਕਾਸਵਾਦ, ਵਾਤਸਾਇਨ ਦਾ ਕਾਮ-ਸ਼ਾਸਤਰ, ਮਾਰਕਸ ਦਾ ਸਮਾਜਵਾਦ ਅਤੇ ਸਾਰਤਰ/ਕਾਮੂ ਆਦਿ ਦਾ

ਅਸਤਿਤਵਵਾਦ ਇਕੋ ਮੁੱਲ ਵਿਚ ਵਿਕ ਰਹੇ ਹਨ। ਇਉਂ ਮੰਡੀ ਦੇ ਵਰਤਾਰੇ ਨੇ ਗਿਆਨ ਸਾਧਨਾਂ/ਵਿਚਾਰਧਾਰਾਵਾਂ ਅਤੇ ਕਲਾਵਾਂ ਤੱਕ ਨੂੰ ਗ੍ਰਸ ਲਿਆ ਹੈ। ਮੰਡੀ ਦੀ ਚਕਾਚੌਂਧ, ਖਪਤ ਕਲਚਰ ਦੇ ਅੰਨ੍ਹੇ ਰੋੜ ਅਤੇ ਗਿਆਨ ਵਿਸਫੋਟ 'ਚ ਚੁੰਧਿਆਇਆ ਬੰਦਾ ਵਸਤੂਆਂ ਦੇ ਵਰਤਾਰਿਆਂ ਨੂੰ ਠੀਕ ਰੂਪ ਸਿਰ ਨਹੀਂ ਦੇਖ ਸਕਦਾ। ਮੰਡੀ ਦੇ ਵਰਤਾਰੇ ਵਿਚ ਮਨੁੱਖ ਆਪਣੀ ਮਰਜ਼ੀ ਦਾ ਮਾਲਕ ਸਿਰਜਕ ਨਹੀਂ ਰਹਿੰਦਾ। ਬੇਵਸ ਉਪਭੋਗੀ ਬਣ ਜਾਂਦਾ ਹੈ। ਜ਼ਿੰਦਗੀ ਦੀ ਸ਼ਤਰੰਜ ਵਿਚ ਉਬ ਬੇਵਸ ਪਿਆਦਾ ਬਣ ਜਾਂਦਾ ਹੈ। ਵਸਤਾਂ ਨੂੰ ਭੋਗਣ ਦੀ ਅੰਨ੍ਹੀ ਲਾਲਸਾ ਵਸ ਉਹ ਖ਼ੁਦ ਭੋਗਿਆ ਜਾਣ ਲੱਗਦਾ ਹੈ। "੩

ਉਤਰ ਬਸਤੀਵਾਦੀ ਪ੍ਰਬੰਧ, ਕਲਚਰ ਵਿਵਸਥਾ ਅਧੀਨ ਪੈਦਾ ਹੋਏ ਮਨੁੱਖ ਦੀ ਖੰਡਿਤ ਹੋਂਦ ਦੀ ਪੇਸ਼ਕਾਰੀ ਵਜੋਂ ਚਿਤਵ ਕੇ ਕਵਿਤਾ ਦਾ ਵੀ ਮੰਡੀਕਰਣ ਹੋ ਨਿਬੜਦਾ ਹੈ। ਵਿਸ਼ਵ ਮੰਡੀ ਅਧੀਨ ਮਨੁੱਖ ਦੀ ਹਰ ਵਸਤ ਨਾਲ ਛੇੜ-ਛਾੜ ਕਰਕੇ ਉਸ ਨੂੰ ਸੰਵੇਦਨਹੀਣ ਬਣਾ ਦਿੱਤਾ ਹੈ। ਵਿਸ਼ਵੀਕਰਣ ਦੇ ਸਨਮੁੱਖ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਰੋਕਾਰਾਂ ਅਧੀਨ ਬਾਜ਼ਾਰਵਾਦ ਦੀ ਪ੍ਰਵਿਰਤੀ ਅਧੀਨ ਪੈਦਾ ਹੋਈ ਬੰਦੇ ਦੀ ਭਟਕਣ ਵਾਲੀ ਸਥਿਤੀ ਅਤੇ ਉਸ ਦੇ ਪ੍ਰਭਾਵ ਦਾ ਜ਼ਿਕਰ ਅਜੋਕੀ ਕਵਿਤਾ ਦੇ ਅੰਤਰਗਤ ਕੀਤਾ ਹੈ। ਜਿਸ ਸੰਬੰਧੀ ਡਾ. ਸੁਖਦੇਵ ਸਿੰਘ ਨੇ ਮੰਡੀਕਰਨ ਦੇ ਪ੍ਰਵਚਨ ਅਧੀਨ ਮਨੁੱਖ ਦੀ ਖੁਰ ਰਹੀ ਹੋਂਦ ਨੂੰ ਇਨ੍ਹਾਂ ਵਿਚਾਰਾਂ ਰਾਹੀਂ ਪੇਸ਼ ਕੀਤਾ ਹੈ:

"ਬੰਦਾ ਸੰਵੇਦਨਾ ਵਿਹੂਣੀ ਵਸਤ ਬਣ ਜਾਂਦਾ ਹੈ। ਆਪਣੀ ਮੂਲ ਮਾਨਵੀ ਸੰਵੇਦਨਾ ਗੁਆ ਕੇ ਪਥਰਾਇਆ ਮਨੁੱਖ ਬਾਜ਼ਾਰ ਦੀ ਚਕਾਚੌਂਧ ਵਿਚ ਭਸੱਤਰ ਜਾਂਦਾ ਹੈ। "੪

ਵਿਗਿਆਨ ਅਤੇ ਮੀਡੀਆ ਦੇ ਦੌਰ ਵਿਚ ਉਦਯੋਗੀਕਰਨ ਅਤੇ ਖਪਤ ਸਭਿਆਚਾਰ ਨੇ ਮਾਨਵੀ ਕਦਰਾਂ-ਕੀਮਤਾਂ, ਸਭਿਆਚਾਰਕ ਸਾਂਝ, ਆਰਥਿਕਤਾ ਦੇ ਮਸਲਿਆਂ, ਰਾਜਨੀਤਿਕ ਮਸਲਿਆਂ ਅਤੇ ਮਨੁੱਖੀ ਮਾਨਸਿਕਤਾ ਨੂੰ ਅੰਤਰਰਾਸ਼ਟਰੀ ਪੱਧਰ ਉਪਰ ਤਬਦੀਲ ਕੀਤਾ ਹੈ। ਮਨੁੱਖੀ ਕਦਰਾਂ-ਕੀਮਤਾਂ ਦੇ ਸਰੋਕਾਰ ਅਤੇ ਚੁਣੌਤੀਆਂ ਇਸ ਸੱਖਣੇ ਮਾਹੌਲ ਵਿਚ ਬਦਲਦੀਆਂ ਹੋਈਆਂ ਪਰਿਸਥਿਤੀਆਂ ਅਧੀਨ ਮਾਨਵੀ ਸੰਵੇਦਨਾ ਨੂੰ ਵਿਸ਼ਾਲ ਕੈਨਵਸ ਅਧੀਨ ਬਦਲਦੀਆਂ ਹਨ। ਮਨੁੱਖ ਦੀਆਂ ਅੰਦਰੂਨੀ ਭਾਵਨਾਵਾਂ, ਜਜ਼ਬਾਤਾਂ ਅਤੇ ਸੰਵੇਦਨਾਵਾਂ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਦੀਆਂ ਹਨ। ਪਰ ਨਾਲ ਹੀ ਨਵੀਆਂ ਵੰਗਾਰਾਂ ਵਿੱਚੋਂ ਗੁਜ਼ਰਦੀਆਂ ਹਨ। ਡਾ. ਜਸਵਿੰਦਰ ਸਿੰਘ ਦਾ ਵਿਚਾਰ ਹੈ:

"...ਅਜੋਕੇ ਵਿਸ਼ਵੀਕਰਨ ਨੇ ਗਲੋਬਲੀ ਸਰੋਕਾਰਾਂ, ਚਿੰਤਨ, ਚੇਤਨਾ ਅਤੇ ਸੰਵੇਦਨਾ ਦੇ ਵਿਭਿੰਨ ਪਹਿਲੂ ਅਤੇ ਦ੍ਰਿਸ਼ਟੀਕੋਣ ਸੁਚੇਤ ਅਚੇਤ ਸਾਡੇ ਮਾਹੌਲ ਅਤੇ ਸਾਡੀ ਹੋਂਦ ਨਾਲ ਜੋੜ ਦਿੱਤੇ ਹਨ। ਜਿਸ ਨੇ ਸੁਚੇਤ ਘਟ ਪਰ ਵਧੇਰੇ ਅਚੇਤ ਪੱਧਰ 'ਤੇ ਸਾਡੇ ਕਰਮਾਂ, ਪ੍ਰਤਿਕਰਮਾਂ, ਚਾਹਤਾਂ, ਅਤ੍ਰਿਪਤੀਆਂ, ਮੰਤਵਾਂ ਨੂੰ ਪ੍ਰਭਾਵਿਤ ਕੀਤਾ ਹੈ। ਨਵੀਂ ਪੰਜਾਬੀ ਕਵਿਤਾ ਵਿਚ ਇਸ ਰੁਝਾਨ ਨੇ ਸਾਡੀ ਪੂਰਬਲੀ ਜੀਵਨਧਾਰਾ ਨੂੰ ਅਚੇਤ ਹੀ ਪੱਛਮੀ ਜੀਵਨਧਾਰਾ ਦੇ ਦੇਹਵਾਦੀ ਉਦੇਸ਼ਾਂ, ਦਲੀਲਵਾਦੀ ਮਨੋਰਥਾਂ, ਸਵੈ-ਜਾਇਜ਼ ਵਿਹਾਰਾਂ ਨਾਲ ਜੋੜ ਦਿੱਤਾ ਹੈ। ਨਵੀਂ ਪੰਜਾਬੀ ਕਵਿਤਾ ਵਿਚ ਦ੍ਰਿਸ਼ਟੀਮੂਲਕ ਬਦਲਾਵ ਵਿਚ ਵਰਤਮਾਨ ਪਲਾਂ ਨੂੰ ਜਿਉਣ ਮਾਣਨ ਜਾਂ ਭੋਗਣ ਦੀ ਰੁਚੀ ਨੇ ਤ੍ਰੈਕਾਲੀ ਸੰਵੇਦਨਾ ਸਨਮੁੱਖ ਪ੍ਰਸ਼ਨ ਚਿੰਨ੍ਹ ਲਾਏ ਹਨ। "੫

ਨਵੀਂ ਪੰਜਾਬੀ ਕਵਿਤਾ ਦੇ ਅੰਤਰਗਤ ਕਵੀਆਂ ਨੇ ਅਜੋਕੇ ਮਨੁੱਖ ਦੀ ਹੋਂਦ, ਹੋਣੀ ਅਤੇ ਚਿੰਤਾ ਪੇਸ਼ ਕਰਨ ਦੇ ਨਾਲ-ਨਾਲ ਪੁਨਰ-ਪਰਿਭਾਸ਼ਤ ਕਰਨ ਦਾ ਯਤਨ ਵੀ ਕੀਤਾ ਹੈ। ਅਜੋਕੀ ਕਵਿਤਾ ਵਿਚ ਅਜੋਕੇ ਸਮਾਜ ਵਿਚ ਆਏ ਪਰਿਵਰਤਨਾਂ ਨੂੰ ਨਵੇਂ ਸਰੋਕਾਰਾਂ ਅਤੇ ਨਵੇਂ ਸਿਰਿਓਂ ਪੂਰਨ ਰੂਪ ਵਿਚ ਪ੍ਰਸਤੁਤ ਕੀਤਾ ਹੈ। ਅਜੋਕੇ ਮਨੁੱਖ ਦੇ ਜੀਵਨ ਯਥਾਰਥ ਨੂੰ ਪੇਸ਼ ਕਰਦੇ ਹੋਏ ਉਨ੍ਹਾਂ ਦੀਆਂ ਅਣਗੋਲੀਆਂ ਪਰਤਾਂ ਨੂੰ ਵੀ ਉਜਾਗਰ ਕੀਤਾ ਹੈ। ਮਸ਼ੀਨੀਕਰਨ ਦੇ ਦੌਰ ਵਿਚ ਮਸ਼ੀਨਾਂ ਅਤੇ ਮਨੁੱਖ ਵਿਚਲੇ ਦਵੰਦ ਨੂੰ ਨਵੀਂ ਕਵਿਤਾ ਦੇ ਅੰਤਰਗਤ ਮਨੁੱਖ ਵਿਚਾਰਿਆ ਹੈ, ਜਿਸ ਨੇ ਜੀਵਨ ਦੀ ਕਾਇਆ ਕਲਪ ਦੀ ਤਸਵੀਰ ਨੂੰ ਬਦਲ ਕੇ ਰੱਖ ਦਿੱਤਾ ਹੈ। ਮਸ਼ੀਨੀ ਸਭਿਅਤਾ ਦੇ ਕਾਰਨ ਮਨੁੱਖੀ ਜ਼ਿੰਦਗੀ ਵਿਚ ਵਿਦਮਾਨ ਅਰਥਹੀਣਤਾ ਦੇ ਬੋਧ ਪ੍ਰਤੀ ਗਹਿਰੀ ਚਿੰਤਾ ਨੂੰ ਪ੍ਰਗਟਾਇਆ ਹੈ। ਅਜੋਕੇ ਯੁੱਗ ਦੇ ਬਦਲਦੇ ਸਮਾਜ ਵਿਚ ਮਨੁੱਖ ਦੀ ਬਦਲਦੀ ਹੋਂਦ ਨੂੰ ਕਾਵਿ ਦਾ ਆਧਾਰ ਬਣਾ ਕੇ ਅਜੋਕੇ ਮਾਨਵ ਦੇ ਅਹਿਸਾਸਾਂ ਨੂੰ ਅਭਿਵਿਅਕਤ ਕੀਤਾ ਹੈ। ਇਸ ਕਵਿਤਾ ਵਿਚ ਮਨੁੱਖ ਦੀ ਜ਼ਿੰਦਗੀ, ਵਾਤਾਵਰਨ ਅਤੇ ਪ੍ਰਕਿਰਤੀ ਵਿਚਲੇ ਨਿੱਕੇ-ਨਿੱਕੇ ਅਹਿਸਾਸਾਂ, ਅਨੁਭਵਾਂ ਅਤੇ ਚਾਹਤਾਂ ਨੂੰ ਵੱਖ-ਵੱਖ ਦ੍ਰਿਸ਼ਟੀਆਂ ਦੇ ਅਨੁਸਾਰ ਅਭਿਵਿਅਕਤ ਕੀਤਾ ਜਾ ਰਿਹਾ ਹੈ। ਡਾ. ਜਸਵਿੰਦਰ ਸਿੰਘ ਦਾ ਕਥਨ ਹੈ:

"ਨਵੀਂ ਸੋਝੀ ਨੇ ਮਨੁੱਖੀ ਸਵੈ-ਹੋਂਦ ਦੇ ਮੂੰਹਜ਼ੋਰ ਉਭਾਰ ਨੂੰ ਜ਼ੁਬਾਨ ਦੇ ਕੇ ਇਸ ਦੀਆਂ ਵਕਤੀ, ਸਰੀਰਕ ਨਿਰੋਲ ਨਿੱਜਭਾਵੀ ਲੋੜਾਂ, ਮਨੋਰਥਾਂ, ਚਾਹਤਾਂ ਅਤੇ ਇਨ੍ਹਾਂ ਤੋਂ ਉਤਪੰਨ ਘੁੰਮਣ ਘੇਰੀਆਂ ਨੂੰ ਉਭਾਰਿਆ ਹੈ। ਨਿੱਜਮੂਲਕ ਹੋਂਦ ਦੀਆਂ ਅਸੀਮ ਰੀਝਾਂ, ਪੁੱਠੀਆਂ-ਸਿੱਧੀਆਂ ਚਾਹਤਾਂ, ਲੁਕਵੇਂ ਪ੍ਰਗਟ ਮਨੋਰਥਾਂ ਦੀ ਮੂੰਹਜ਼ੋਰ ਰੁਚੀ ਨੇ ਸਾਡੀ ਪਰੰਪਰਕ ਪਰਾਲੌਕਿਕ, ਸਰੋਕਾਰ ਨਾਲ ਭਰਪੂਰ ਚੇਤਨਾ ਨੂੰ ਚੁਣੌਤੀ ਦਿੱਤੀ ਹੈ। ਮਨੁੱਖੀ ਰਿਸ਼ਤਿਆਂ ਦੇ ਸਾਵੇਂ, ਸੁਖਾਵੇਂ, ਹੰਢਣਸਾਰ, ਸਦੀਵੀਂ, ਸਮੂਹਕ, ਸੁਰੱਖਿਅਤ, ਸਹਿਹੋਂਦ ਮੂਲਕ ਪਹਿਲੂਆਂ ਨੂੰ ਰੱਦ ਕੇ ਮੂੰਹਜ਼ੋਰ ਖ਼ਾਹਿਸ਼ਾਂ, ਵਕਤੀ ਜੁੜਨ ਤੇ ਮਾਣਨ ਦੀਆਂ ਰੀਝਾਂ ਤ੍ਰਿਪਤ-ਅਤ੍ਰਿਪਤ, ਖ਼ਾਹਿਸ਼ਾਂ, ਬਹੁਰੂਪੀ ਮ੍ਰਿਗਤ੍ਰਿਸ਼ਨਾਵੀਂ ਪਿਆਸਾਂ ਅਤੇ ਹਰ ਉਸ ਅਹਿਸਾਸ, ਜਜ਼ਬਾਤ ਜਾਂ ਤਾਂਘ ਨੂੰ ਬੇਸੰਕੋਚ, ਬੇਖ਼ੌਫ ਸੰਚਾਰਿਆ ਗਿਆ ਹੈ, ਜਿਸ ਤੋਂ ਇਕ ਪਾਸੇ ਅਜੋਕੀ ਮਨੁੱਖੀ ਹੋਂਦ ਦੇ 'ਖੁੱਲ੍ਹੇ' ਆਂਤਰਿਕ ਖਾਸੇ ਦੀ ਸੋਝੀ ਹੁੰਦੀ ਹੈ ਤੇ ਦੂਸਰੇ ਉਪੇਖਿਅਤ ਜਾਂ ਵਰਜਿਤ ਮਨੁੱਖੀ ਹੋਂਦ ਦੇ ਪਾਸਾਰ ਖੁੱਲ੍ਹਦੇ ਹਨ"[੬]

ਨਵੀਂ ਪੰਜਾਬੀ ਕਵਿਤਾ ਵਿਅਕਤੀ ਦੇ ਅਵਚੇਤਨ ਮਨ ਵਿਚ ਪਈਆਂ ਗੁੰਝਲਾਂ ਅਤੇ ਮੁਸ਼ਕਿਲਾਂ ਨੂੰ ਸੁਲਝਾਉਂਦੀ ਹੋਈ, ਵਿਅਕਤੀ ਦੇ ਬਾਹਰੀ ਰੂਪਾਂ ਨੂੰ ਨਹੀਂ, ਸਗੋਂ ਅੰਦਰਲੇ ਮਨ ਵਿਚ ਪਈ ਚੇਤਨਾ ਨੂੰ ਪੇਸ਼ ਕਰਦੀ ਹੈ। ਇਹ ਕਵਿਤਾ ਵਿਅਕਤੀਗਤ ਅਤੇ ਸਮਾਜਿਕ ਸੰਸਥਾਵਾਂ ਵਿਚਲੇ ਸਮਾਨਾਂਤਰ ਵਿਸ਼ਿਆਂ ਦੀ ਸਿਰਜਣਾ ਨੂੰ ਵੀ ਮੁਖ਼ਾਤਿਬ ਹੁੰਦੀ ਹੈ ਜਿਸ ਬਾਰੇ ਡਾ. ਯੋਗਰਾਜ ਦਾ ਮਤ ਹੈ:

"ਇਹ ਕਵਿਤਾ ਵਿਅਕਤੀਗਤ ਵੀ ਹੈ- ਸਮੂਹਕ ਵੀ ਹੈ, ਨਿੱਜ ਵੀ ਹੈ- ਪਰ ਵੀ ਹੈ, ਕਾਲਿਕ ਵੀ ਹੈ- ਇਕਾਲਿਕ ਵੀ ਹੈ। ਕਹਿਣ ਦਾ ਅਰਥ ਇਹ ਹੈ ਕਿ ਇਹ ਕਵਿਤਾ ਪ੍ਰਗਤੀਸ਼ੀਲ ਹੁੰਦੀ ਹੋਈ ਵੀ ਪਰੰਪਰਕ ਪ੍ਰਗਤੀਵਾਦ ਦੀਆਂ ਸਿੱਧੜ ਸਿਧਾਂਤਕ ਕੋਟੀਆਂ ਨੂੰ ਆਪਣੀ ਰਚਨਾ ਦਾ ਪ੍ਰਗਟਾ ਮਾਧਿਅਮ ਨਹੀਂ ਬਣਾਉਂਦੀ। ਇਸੇ ਲਈ ਘਰ, ਪਰਿਵਾਰ, ਨਿੱਜ, ਵਿਅਕਤੀ, ਸਵੈ-ਸੰਸਕ੍ਰਿਤੀ, ਇਤਿਹਾਸ, ਰਾਜਨੀਤੀ ਆਦਿ ਮਸਲੇ ਇਸ ਕਾਵਿ ਵਿਚ ਇਕਹਿਰੇਪਣ ਦੀ ਬਜਾਏ ਭਿੰਨ-ਭਿੰਨ ਕੋਨਾਂ ਤੋਂ ਪੇਸ਼ ਹੋ ਰਹੇ ਹਨ।"[੭]

ਸਮਕਾਲੀ ਸਰੋਕਾਰਾਂ ਦੀ ਪੁਖਤਾ ਪੇਸ਼ਕਾਰੀ ਕਰਦੀ ਅਜੋਕੀ ਕਵਿਤਾ ਨਵੇਂ ਚਿੰਨ੍ਹ ਅਤੇ ਪ੍ਰਵਚਨਾਂ ਨੂੰ ਸਿਰਜਦੀ ਹੋਈ ਆਪਣਾ ਵਿਕਾਸ ਕਰਦੀ ਹੈ। ਇਸ ਦੌਰ ਵਿਚ ਜੀਅ ਰਹੇ ਮਨੁੱਖ ਅਤੇ ਸਮਾਜ ਦੇ ਸਭਿਆਚਾਰਕ ਦਵੰਦ, ਚਾਹਤਾਂ, ਮੰਗਾਂ ਅਤੇ ਸੁਪਨਿਆਂ ਨੂੰ ਇਸ ਕਵਿਤਾ ਵਿਚ ਨਵੇਂ ਵਿਸ਼ਿਆਂ ਅਧੀਨ ਵਿਸ਼ੇਸ਼ ਨਜ਼ਰੀਏ ਤਹਿਤ ਪੇਸ਼ ਕੀਤਾ ਗਿਆ ਹੈ। ਨਵੀਂ ਕਵਿਤਾ ਅਜੋਕੇ ਮਨੁੱਖ ਦੀ ਹੋਂਦ ਦੇ ਵਿਭਿੰਨ ਮਸਲਿਆਂ ਨਾਲ ਸੰਵਾਦ ਰਚਾਉਂਦੀ ਹੈ। ਇਸ ਸੰਬੰਧੀ ਡਾ. ਯੋਗਰਾਜ ਦਾ ਵਿਚਾਰ ਹੈ:

"ਨਵੀਂ ਪੰਜਾਬੀ ਕਵਿਤਾ ਭ੍ਰਾਂਤੀ ਜਾਂ ਲਕੀਰੀ ਸੀਮਾਵਾਂ ਤੋਂ ਪਾਰ ਜਾ ਕੇ ਜੀਵਨ, ਸਮਾਜ ਅਤੇ ਮਨੁੱਖੀ ਅਸਤਿਤਵ ਦੇ ਮਸਲਿਆਂ ਦਾ ਕੋਈ ਨਿਸ਼ਚਿਤ ਵਿਚਾਰਧਾਰਕ ਪ੍ਰਗਟਾਅ ਦੀ ਬਜਾਏ ਸੰਵਾਦਮੁਖੀ ਹੋ ਕੇ ਵਿਸ਼ਲੇਸ਼ਿਤ ਕਰਨ ਵੱਲ ਰੁਚਿਤ ਹੋਈ ਹੈ।"[੮]

ਅਜੋਕੀ ਕਵਿਤਾ ਵਿਚ ਇਕੋ ਸਮੇਂ ਵਿਭਿੰਨ ਕਾਵਿਕ-ਦ੍ਰਿਸ਼ਟੀਆਂ, ਵਿਭਿੰਨ ਥੀਮਕ ਸਰੋਕਾਰ, ਕਾਵਿ ਸ਼ੈਲੀਆਂ, ਵਿਚਾਰਧਾਰਾਵਾਂ ਅਤੇ ਵੰਨ-ਸੁਵੰਨੀਆਂ ਰੂਪਾਕਾਰਕ ਵੰਨਗੀਆਂ ਉਭਰ ਕੇ ਪੇਸ਼ ਹੋਈਆਂ ਹਨ ਜਿਹੜੀਆਂ ਆਧੁਨਿਕ ਕਾਵਿ ਦੇ ਮੁਕਾਬਲੇ ਬਹੁਤ ਭਿੰਨ ਹਨ। ਨਵੀਂ ਪੰਜਾਬੀ ਕਵਿਤਾ ਵਿਚ ਕਵਿਤਾ ਦੀ ਹੋਂਦ, ਸ਼ਬਦਾਂ ਦੀ ਹੋਂਦ, ਸ਼ਬਦਾਂ ਦੀ ਅਹਿਮੀਅਤ ਆਦਿ ਸੰਕਲਪਾਂ ਨੂੰ ਨਵੀਆਂ ਸਥਾਪਨਾਵਾਂ ਦੇ ਅੰਤਰਗਤ ਸਿਰਜਿਆ ਗਿਆ ਹੈ। ਨਵੀਂ ਪੰਜਾਬੀ ਕਵਿਤਾ ਦੇ ਰੂਪ ਵਿਚ ਆ ਰਹੇ ਬਦਲਾਅ ਸੰਬੰਧੀ ਡਾ. ਜਸਵਿੰਦਰ ਸਿੰਘ ਦਾ ਵਿਚਾਰ ਹੈ:

"ਅਜੋਕੀ ਸ਼ਾਇਰੀ ਵਿਚ ਐਲਾਨੀਆਂ ਦੀ ਥਾਂ ਇਕਬਾਲੀਆ ਸੁਰ ਪ੍ਰਧਾਨ ਹੋ ਰਹੀ ਹੈ। ਪ੍ਰਸ਼ਨਾਂ ਤੇ ਪ੍ਰਸ਼ਨਾਂ ਦੇ ਉੱਤਰਾਂ ਦੀ ਬਜਾਏ ਪ੍ਰਸ਼ਨ ਦਰ ਪ੍ਰਸ਼ਨ ਹਾਜ਼ਰ ਹਨ, ਉੱਚੀ ਸੁਰ ਦੀ ਬਜਾਏ ਧੀਮੀ ਸੁਰ, ਸਮੂਹਕ ਸੰਬੋਧਨ ਦੀ ਬਜਾਏ ਮੈਂ- ਮੂਲਕਤਾ, ਭਾਸ਼ਾਈ ਲਹਿਜ਼ੇ ਦੀ ਥਾਂ ਜਸਟੀਫਿਕੇਸ਼ਨ ਅਤੇ ਉਪਦੇਸ਼ ਦੀ ਥਾਂ ਸਵੈ-ਕਟਾਖਸ਼, ਵਿਅੰਗ ਜਾਂ ਦੁਬਿਧਾ ਦੇ ਮਨੋਵਿਸ਼ਲੇਸ਼ਣੀ ਸੁਰ ਹਾਜ਼ਰ ਹਨ। ਅਜੋਕੀ ਵਧੇਰੇ ਕਵਿਤਾ ਦੀ ਕਾਵਿ-ਸ਼ੈਲੀ ਮਨੋਵਿਸ਼ਲੇਸ਼ਣੀ ਹੈ; ਕਾਵਿ-ਵਿਧੀ ਸੰਵਾਦਕ ਜਾਂ ਮਨੋਬਚਨੀਆ ਹੈ ਤੇ ਸੰਬੋਧਕ ਨਿਕਟ ਜਾਂ ਨਿਜਮੂਲਕ। ਇਹ ਪ੍ਰਵਿਰਤੀ ਸਮੁੱਚੀ ਤਾਂ ਨਹੀਂ, ਪਰ ਵਧੇਰੇ ਸਮਕਾਲੀ ਪੰਜਾਬੀ ਕਵਿਤਾ ਦੀ ਪ੍ਰਮੁੱਖ ਪਛਾਣ ਚਿੰਨ੍ਹ ਵਜੋਂ ਉਭਰ ਰਹੀ ਹੈ। ਇਵੇਂ ਹੀ ਸਮਕਾਲੀ ਕਾਵਿ ਵਿਚ ਕਾਵਿ ਦੀ ਹੋਂਦ ਵਿਧੀ, ਪ੍ਰਕਿਰਤੀ, ਪ੍ਰਕਾਰਜ ਅਤੇ ਵਿਗਾੜ ਪ੍ਰਤਿ ਅਜੋਕੇ ਸ਼ਾਇਰ ਬਹੁਤ ਸੁਚੇਤ ਪਰ ਅਧਿਕ ਚਿੰਤਤ ਹੋ ਰਹੇ ਹਨ। ਲਗਭਗ ਹਰੇਕ ਸਮਕਾਲੀ ਸ਼ਾਇਰ ਨੇ ਕਾਵਿ ਪ੍ਰਤੀ ਆਪਣੀ ਪਹੁੰਚ ਦ੍ਰਿਸ਼ਟੀ ਨੂੰ ਕਾਵਿਕ-ਉਚਾਰ ਵਿਚ ਸੰਕਲਪਗਤ ਕੀਤਾ ਹੈ। ਇਵੇਂ ਹੀ ਕਾਵਿ ਵਿਚ ਪਰੰਪਰਕ ਪ੍ਰਗਟਾਵਿਧੀ ਦਾ ਸੁਚੇਤ ਤਿਆਗ ਤੇ ਨਵੀਆਂ ਕਾਵਿਕ-ਸੰਚਾਰ ਵਿਧੀਆਂ ਦੀ ਤਲਾਸ਼ ਵਧੀ ਹੈ।"[੯]

ਸਮਕਾਲ ਵਿਚ ਰਚੀ ਕਵਿਤਾ ਨੂੰ ਡਾ. ਜਸਵਿੰਦਰ ਸਿੰਘ ਕਰਾਮਾਤਾਂ ਦੀ ਥਾਂ ਹਾਦਸਿਆਂ ਦਾ ਯੁੱਗ ਮੰਨਦੇ ਹਨ। ਇਸ ਯੁੱਗ ਵਿਚ ਪੰਜਾਬੀ ਕਵਿਤਾ ਮਨੁੱਖੀ ਮਨ ਦੀਆਂ ਪਰਤਾਂ ਵਿੱਚੋਂ ਲੁਪਤ ਸੱਚ ਨੂੰ ਉਜਾਗਰ ਕਰਨ ਦੀ ਚੇਸ਼ਠਾ ਰੱਖਦੀ ਹੈ। ਇਸ ਸੰਬੰਧੀ ਡਾ. ਜਸਵਿੰਦਰ ਸਿੰਘ ਲਿਖਦੇ ਹਨ:

"ਨਵੀਂ ਰਚੀ ਜਾ ਰਹੀ ਸ਼ਾਇਰੀ ਦੀ ਇਕ ਪ੍ਰਵਿਰਤੀ ਸਵੈ ਦੀ ਉਪੇਖਿਆ ਕਰਨ ਦੀ ਥਾਂ ਸਵੈ-ਪਹਿਚਾਣ ਅਤੇ ਸਵੈ ਦੇ ਸਮਕਾਲੀ ਸਰਬਕਾਲੀ ਸਮੂਹਕ ਚਰਿੱਤਰ ਨੂੰ ਪ੍ਰਾਥਮਿਕਤਾ ਪ੍ਰਦਾਨ ਕਰਨ ਦੀ ਹੈ। ਇਹ ਮਹਿਜ ਮੈਂ ਦੀ ਸ਼ਾਇਰੀ ਨਹੀਂ। ਮੈਂ ਦੀ ਸੰਚਾਰ-ਜੁਗਤ ਦੇ ਬਾਵਜੂਦ ਇਕ ਹਉਮੇਵਾਦੀ ਨਾ ਹੋ ਕੇ ਅਸਲ ਮਾਨਵੀ ਆਪੇ ਦਾ ਸਵੈ ਨਾਲ ਜਾਂ ਬਾਹਰਮੁਖੀ ਯਥਾਰਥ ਨਾਲ ਬੇਲਿਹਾਜ਼ਾ ਸਵੈ-ਤਕਰਾਰ ਹੈ। ਇਸ ਵਿਚ ਸਵੈ-ਸੰਵਾਦ ਹੈ, ਸਵੈ-ਸੰਤਾਪ ਹੈ, ਸਵੈ-ਦਵੰਦ ਦੇ ਉੱਚੇ ਨੀਵੇਂ ਧਰਾਤਲ ਵੀ ਨੇ। ਇਹ ਕਵੀ ਜਦੋਂ ਇਨਸਾਨੀ ਕੁਹਜ ਪਾਸ਼ਵਿਕਤਾ ਜਾਂ ਕਿਸੇ ਬੁਰਾਈ ਤੇ ਉਂਗਲ ਉਠਾਉਂਦਾ ਹੈ ਤਾਂ ਸਵੈ ਨੂੰ ਵਿਚ ਸ਼ਾਮਲ ਕਰਕੇ ਤੁਰਦਾ ਹੈ। ਬਹੁਤ ਵਾਰ ਆਪੇ ਤੇ ਵਿਅੰਗ ਉਪਹਾਸ ਜਾਂ ਚੋਟ ਲਾ ਕੇ ਇਹ ਕਵੀ ਇਸ ਨਵੇਂ ਵਿਕ੍ਰਿਤ ਜਾਂ ਵਿਕਾਸ ਭਾਵ ਬੋਧ ਨੂੰ ਤਨਜ਼ਮਈ, ਰਮਜ਼ਮਈ ਅਰਥ ਪ੍ਰਦਾਨ ਕਰਦੇ ਹਨ। ਏਨਾ ਹੀ ਨਹੀਂ ਬਹੁਤੀ ਵਾਰੀ ਇਹ ਸੰਬੋਧਨ ਪ੍ਰਥਮ ਪੁਰਖ ਹੀ ਹੁੰਦਾ ਹੈ।"[੧੦]

ਨਵੀਂ ਪੰਜਾਬੀ ਕਵਿਤਾ ਜੀਵਨ ਦੇ ਅਤਿ ਸੂਖ਼ਮ ਅਨੁਭਵਾਂ, ਅਹਿਸਾਸਾਂ ਨੂੰ ਸੰਚਾਰਨ ਲਈ ਨਵੇਂ ਕਾਵਿ-ਮੈਟਾਫ਼ਰਾਂ, ਬਿੰਬਾਂ ਅਤੇ ਚਿੰਨ੍ਹਾਂ ਨੂੰ ਵੱਖਰੇ ਰੂਪ ਵਿਚ ਦਰਸਾਉਂਦੀ ਹੈ। ਚੁੱਪ ਦੀ ਭਾਸ਼ਾ ਰਾਹੀਂ ਚਿੰਤਨ ਦੀ ਕਾਵਿ-ਭਾਸ਼ਾ ਨੂੰ ਨਵੀਂ ਪੰਜਾਬੀ ਕਵਿਤਾ ਵਿਚ ਜੁਗਤ ਵਜੋਂ ਪ੍ਰਸਤੁਤ ਕੀਤਾ ਹੈ। ਇਹ ਸਮੁੱਚੇ ਵਿਭਿੰਨ ਵਰਤਾਰਿਆਂ ਅਧੀਨ ਨਵੀਂ ਸੰਵੇਦਨਾ ਨੂੰ ਸਮਝਣ ਅਤੇ ਸਮਝਾਉਣ ਵੱਲ ਰੁਚਿਤ ਹੁੰਦੀ ਹੈ। ਕਾਵਿ-ਜੁਗਤਾਂ, ਕਾਵਿ-ਵਿਧੀ, ਕਾਵਿ-ਸ਼ੈਲੀ ਅਤੇ ਕਾਵਿ-ਰੂਪ ਦੇ ਪੱਖੋਂ ਸਮਕਾਲ ਵਿਚ ਰਚੀ ਨਵੀਂ ਕਵਿਤਾ ਨੇ ਵਿਭਿੰਨ ਪੜਾਅ ਪਾਰ ਕਰਕੇ ਨਵੇਂ ਆਯਾਮ ਸਿਰਜੇ ਹਨ।

ਸਮੁੱਚੀ ਵਿਆਖਿਆ ਦੇ ਆਧਾਰ 'ਤੇ ਨਵੀਂ ਪੰਜਾਬੀ ਕਵਿਤਾ ਦੇ ਸਰੂਪ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਕਵਿਤਾ ਅਜੋਕੇ ਸਮੇਂ ਦੀਆਂ ਬਹੁ-ਪਾਸਾਰੀ ਜਟਿਲ, ਗੁੰਝਲਦਾਰ ਪਰਿਸਥਿਤੀਆਂ ਨੂੰ ਦ੍ਰਿਸ਼ਟਮਾਨ ਕਰਕੇ ਵਿਭਿੰਨ ਨਕਸ਼ਾਂ ਨੂੰ ਤਲਾਸ਼ਦੀ ਹੋਈ ਨਵੇਂ ਆਯਾਮ ਸਥਾਪਿਤ ਕਰਦੀ ਹੈ। ਸੂਚਨਾ ਤਕਨਾਲੋਜੀ, ਬੌਧਿਕ ਚੇਤਨਾ, ਖਪਤਕਾਰੀ ਸਭਿਆਚਾਰ, ਕਦਰਾਂ-ਕੀਮਤਾਂ, ਦੇਹਵਾਦੀ ਰੁਚੀਆਂ ਅਤੇ ਮੰਡੀ ਵਿਚ ਵਸਤੂਆਂ ਵਾਂਗ ਰੂਪਾਂਤਰਿਤ ਹੁੰਦੀ ਸਾਂਸਕ੍ਰਿਤਕ ਪੇਂਡੂ ਰਹਿਤਲ ਨੂੰ ਪੇਸ਼ ਕਰਦੀ ਹੋਈ ਤਿੱਖਾ ਪ੍ਰਤੀਕਰਮ ਸਿਰਜਦੀ ਹੈ। ਇਹ ਗੰਭੀਰ ਪ੍ਰਤੀਕਰਮ ਭਵਿੱਖ ਦੀਆਂ ਵਿਕਾਸਮੁਖੀ ਸੰਭਾਵਨਾਵਾਂ ਨੂੰ ਦ੍ਰਿਸ਼ਟਮਾਨ ਕਰਕੇ ਕਵਿਤਾ ਦੇ ਨਕਸ਼ਾਂ ਨੂੰ ਤਲਾਸ਼ਦੀ ਹੋਈ ਨਵਾਂ-ਮੁਹਾਂਦਰਾ ਸਿਰਜਦੀ ਹੈ। ਨਿਰੰਤਰ ਗਤੀਸ਼ੀਲ ਚਲਦੀ ਹੋਈ ਵਿਭਿੰਨ ਵਰਤਾਰਿਆਂ ਨਾਲ ਇਕਸੁਰ ਹੁੰਦੀ ਹੋਈ ਵਿਭਿੰਨ ਚੁਣੌਤੀਆਂ ਅਧੀਨ ਨਵੀਂ ਕਵਿਤਾ ਨੂੰ ਨਵੇਂ ਪ੍ਰਤਿਮਾਨਾਂ ਤਹਿਤ ਸਥਾਪਿਤ ਕਰਦੀ ਪ੍ਰਤੀਤ ਹੁੰਦੀ ਹੈ। ਨਵੀਂ ਪੰਜਾਬੀ ਕਵਿਤਾ ਦੇ ਅਨੇਕਮੁਖੀ ਪਾਸਾਰ ਹਨ ਜਿਨ੍ਹਾਂ ਰਾਹੀਂ ਇਸ ਦੇ ਸਰੋਕਾਰਾਂ ਨੂੰ ਪਛਾਣਿਆ ਅਤੇ ਤਲਾਸ਼ਿਆ ਗਿਆ ਹੈ।

## ਹਵਾਲੇ ਅਤੇ ਟਿੱਪਣੀਆਂ


1. ਡਾ. ਯੋਗਰਾਜ, ਨਵੀਂ ਪੰਜਾਬੀ ਸ਼ਾਇਰੀ : ਸਮਕਾਲੀ ਸੰਦਰਭ, ਪੰਨਾ ੪੬
2. ਡਾ. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ : ਪਛਾਣ ਚਿੰਨ੍ਹ, ਪੰਨਾ ੧੪੩
3. ਡਾ. ਸੁਖਦੇਵ ਸਿੰਘ, ਕਾਵਿ-ਸਰੋਕਾਰ, ਪੰਨਾ ੬੭-੬੮
4. ਡਾ. ਸੁਖਦੇਵ ਸਿੰਘ, ਪੰਜਾਬੀ ਕਾਵਿ: ਪ੍ਰਤੀਰੋਧ ਦਾ ਪ੍ਰਵਚਨ, ਪੰਨਾ ੧੧੦
5. ਡਾ. ਜਸਵਿੰਦਰ ਸਿੰਘ, ਉਹੀ, ਪੰਨਾ ੧੬੩
6. ਉਹੀ, (ਸੰਪਾ.) ਨਵੇਂ ਕਾਵਿ-ਸਿਤਾਰੇ, ਪੰਨਾ ੨੪
7. ਡਾ. ਯੋਗਰਾਜ, ਨਵੀਂ ਪੰਜਾਬੀ ਸ਼ਾਇਰੀ: ਸਮਕਾਲੀ ਸੰਦਰਭ, ਪੰਨਾ ੧੦-੧੧
8. ਡਾ. ਯੋਗਰਾਜ, ਪੰਜਾਬੀ ਕਵਿਤਾ ਉਤਰ ਪੰਜਾਬ ਸੰਕਟ, ਪੰਨਾ ੪੧
9. ਡਾ. ਜਸਵਿੰਦਰ ਸਿੰਘ, ਸਮਕਾਲੀ ਪੰਜਾਬੀ ਕਾਵਿ ਦ੍ਰਿਸ਼: ਸਥਿਤੀ, ਸੰਭਾਵਨਾਵਾਂ ਤੇ ਵੰਗਾਰਾਂ, (ਸੰਪਾ.), ਪ੍ਰੋ. ਰਵਿੰਦਰ ਭੱਠਲ, ਪੰਜਾਬੀ ਸਾਹਿਤ ਸਮਕਾਲੀ ਦ੍ਰਿਸ਼, ਪੰਨਾ ੪੬
10. ਡਾ. ਜਸਵਿੰਦਰ ਸਿੰਘ, ਉਹੀ, ਪੰਨਾ ੧੪੫-੧੪੬